بِسۡمِ اللّٰہِ الرَّحۡمٰنِ الرَّحِیۡمِ نَحۡمَدُہٗ وَنُصَلِّیۡ عَلٰی رَسُوۡلِہِ الۡکَرِیۡمِ وَعَلٰی عَبۡدِہِ الۡمَسِیۡحِ الۡمَوۡعُوۡدِ

# ਖ਼ੁਲਾਸਾ ਖ਼ੁਤਬਾ ਜੁਮਆ 13.10.2017

**ਵੱਲੋਂ : ਨਜ਼ਾਰਤ ਨਸ਼ਰੋ ਇਸ਼ਾਅਤ ਕਾਦੀਆਂ**

**ਮੇਰੇ ਅਤੇ ਮੇਰੀ ਜਮਾਤ ਉਪੱਰ ਇਹ ਆਰੋਪ ਲਾਇਆ ਜਾਂਦਾ ਹੈ ਕਿ ਅਸੀਂ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਨੂੰ ਖ਼ਾਤਮਨੱਬੀਯੀਨ ਨਹੀਂ ਮੰਨ੍ਹਦੇ । ਇਹ ਸਾਡੇ ਉਪੱਰ ਮਹਾਝੂਠਾ ਆਰੋਪ ਹੈ । ਅਸੀਂ ਜਿਸ ਦ੍ਰਿੜ੍ਹ ਵਿਸ਼ਵਾਸ, ਮਆਰਫ਼ਤ ਤੇ ਮਨ ਦੀ ਅੱਖ ਨਾਲ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਨੂੰ ਖ਼ਾਤਾਮੁਲਅੰਬਿਆ ਮੰਨ੍ਹਦੇ ਤੇ ਯਕੀਨ ਕਰਦੇ ਹਾਂ ਉਸ ਦਾ ਲਖੱਵਾਂ ਭਾਗ ਵੀ ਦੂਜੇ ਲੋਕ ਨਹੀਂ ਮਨੰ੍ਹਦੇ**

**ਸਯੱਦਨਾ ਹਜ਼ਰਤ ਅਮੀਰੁਲ ਮੋਮਿਨੀਨ ਖ਼ਲੀਫ਼ਾਤੁਲ ਮਸੀਹ ਖ਼ਾਮਿਸ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਦੇ ਜੁਮਏ ਦੇ ਖ਼ੁਤਬੇ ਦਾ ਸਾਰ ਜੋ ਆਪ ਜੀ ਨੇ 13 ਅਕਤੂਬਰ 2017 ਈ. ਨੂੰ ਮਸਜਿਦ ਬੈਤੁਲ ਫ਼ੁਤੂਹ ਮੋਰਡਨ ਲੰਦਨ ਵਿੱਚ ਦਿੱਤਾ ।**

**ਤਸ਼ੱਹੁਦ, ਤਊਜ਼ ਅਤੇ ਸੂਰਤ ਫ਼ਾਤਿਹਾ ਦੀ ਤਲਾਵਤ ਦੇ ਬਾਦ ਹਜ਼ੂਰ ਅਨਵਰ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਨੇ ਫ਼ਰਮਾਇਆ :**

مَا كَانَ مُحَمَّدٌ اَبَاۤ اَحَدٍ مِّنۡ رِّجَالِكُمۡ وَلٰكِنۡ رَّسُوۡلَ اللّٰهِ وَخَاتَمَ النَّبِيّٖنَ وَكَانَ اللّٰهُ بِكُلِّ شَىۡءٍ عَلِيۡمًا

**(الاحزاب:41)**

ਇਸ ਆਇਤ ਦਾ ਅਰਥ ਇਹ ਹੈ ਕਿ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਤੁਹਾਡੇ ਜਿਹੇ ਪੁਰੁਸ਼ਾਂ ਵਿੱਚੋਂ ਕਿਸੇ ਦੇ ਬਾਪ ਨਹੀਂ ਸਗੋਂ ਉਹ ਰੱਬ ਦੇ ਰਸੂਲ ਹਨ ਅਤੇ ਸਾਰਿਆਂ ਨਬੀਆਂ ਲਈ 'ਖ਼ਾਤਮ' ਹਨ ਅਤੇ ਰੱਬ ਹਰ ਚੀਜ਼ ਦੀ ਬਹੁਤ ਜਾਣਕਾਰੀ ਰਖੱਣ ਵਾਲਾ ਹੈ ।

ਹਜ਼ੂਰ ਅਨਵਰ ਨੇ ਫ਼ਰਮਾਇਆ : ਪਾਕਿਸਤਾਨ ਵਿੱਚ ਸਮੇਂ ਸਮੇਂ ਕਿਸੇ ਨ ਕਿਸੇ ਬਹਾਨੇ ਅਹਮਦੀਆਂ ਵਿਰੁਧ ਰਾਜਨੇਤਾ ਵੀ ਅਤੇ ਮੌਲਵੀ ਵੀ ਆਪਣੀ ਭੜਾਸ ਕਢੱਦੇ ਰਹਿੰਦੇ ਹਨ । ਉਹਨਾਂ ਦੇ ਵਿਚਾਰ ਵਿੱਚ ਇਹ ਸਭ ਤੋਂ ਸੌਖਾ ਤਰੀਕਾ ਕੌਮ ਨੂੰ ਆਪਣੇ ਪਿੱਛੇ ਲਾਉਣ ਦਾ ਅਤੇ ਆਪਣੇ ਹਮਨਵਾ ਬਨਾਉਣ ਦਾ ਅਤੇ ਸ਼ੁਹਰਤ ਹਾਸਲ ਕਰਨ ਦਾ ਹੈ । ਅਤੇ ਸਭ ਤੋਂ ਵਡੱਾ ਹੱਥਿਆਰ ਜੋ ਮੁਸਲਮਾਨਾ ਦੀਆਂ ਭਾਵਨਾਵਾਂ ਨੂੰ ਭੜਕਾਉਣ ਲਈ ਵਰਤਿਆ ਜਾ ਸਕਦਾ ਹੈ ਉਹ 'ਖ਼ਤਮੇ ਨਬੁੱਵੱਤ' ਦਾ ਹੱਥਿਆਰ ਹੈ । ਸੋ, ਜੱਦ ਵੀ ਕਿਸੇ ਸਿਆਸੀ ਪਾਰਟੀ ਦੀ ਸਾਖ ਵਿਗੜ ਰਹੀ ਹੋਵੇ, ਜੱਦ ਕਿਸੇ ਸਿਆਸੀ ਲੀਡਰ ਦੇ ਹਰਮਨ ਹੋਣ ਦਾ ਗ੍ਰਾਫ਼ ਡਿੱਗ ਰਿਹਾ ਹੋਵੇ ਜਾਂ ਮਿਆਰ ਘੱਟ ਰਿਹਾ ਹੋਵੇ, ਜੱਦ ਵੀ ਕਿਸੇ ਨਾਂ ਨਿਹਾਦ

ਧਾਰਮਕ ਤੰਜ਼ੀਮਾਂ ਨੇ ਸਿਆਸੀ ਪ੍ਰਸਿੱਧੀ ਹਾਸਲ ਕਰਨੀ ਹੋਵੇ, ਦੂਜੀਆਂ ਤੰਜ਼ੀਮਾ ਜਾਂ ਦੂਜੀ ਸਿਆਸੀ ਪਾਰਟੀ ਨੂੰ ਨੀਵਾਂ ਦਿਖਾਉਣਾ ਹੋਵੇ ਤਾਂ ਅਹਮਦੀਆਂ ਨਾਲ ਉਹਨਾਂ ਦੇ ਸੰਬੰਧ ਜੋੜਕੇ ਇਹ ਕਹਿੰਦੇ ਹਨ ਕਿ ਦੇਖੋ ਇਹ ਕਿੰਨ੍ਹਾ ਵਡੱਾ ਜ਼ੁਲਮ ਹੋਣ ਲਗੱਾ ਹੈ ਕਿ ਵਿਦੇਸ਼ੀ ਤਾਕਤਾਂ ਦੇ ਪ੍ਰਭਾਵ ਹੇਠ ਇਹ ਲੋਕ ਅਹਮਦੀਆਂ ਨੂੰ ਮੁਸਲਮਾਨਾ ਵਿੱਚ ਸ਼ਾਮਲ ਕਰਨਾ ਚਾਹੁੰਦੇ ਹਨ, ਜੱਦ ਕਿ ਅਹਮਦੀ ਇਹਨਾਂ ਵਿਚਾਰਾਂ ਅਨੁਸਾਰ ਖ਼ਤਮੇ ਨਬੁੱਵੱਤ ਦੇ ਇਨਕਾਰੀ ਹਨ । ਇਹ ਨਾਂ ਨਿਹਾਦ ਇਸਲਾਮ ਦਾ ਦਰਦ ਰਖੱਣ ਵਾਲੇ ਕਹਿੰਦੇ ਹਨ ਕਿ ਅਸੀਂ 'ਨਾਮੂਸੇ ਰਸਾਲਤ' ਨੂੰ ਸੇਕ ਨਹੀਂ ਲਗੱਣ ਦੇਣਗੇ ਅਤੇ ਕਦੇ ਵੀ ਅਜਿਹਾ ਜ਼ੁਲਮ ਨਹੀਂ ਹੋਣ ਦੇਣਗੇ । ਹਰ ਇਕ ਦੇ ਆਪਣੇ ਰਾਨੀਤਿਕ ਐਜੰਡੇ ਵਿੱਚ ਹੈ । ਹਰ ਇਕ ਆਪਣੇ ਵਿਅਕਤੀਗੱਤ ਹਿੱਤ ਹਨ, ਪਰ ਅਹਮਦੀਆਂ ਨੂੰ ਧੱਕੇ ਨਾਲ ਘਸੀਟਿਆ ਜਾਂਦਾ ਹੈ ਕਿਉਂਕਿ ਇਹ ਬਹੁਤ ਹੀ ਸੌਖਾ ਸਾਧਨ ਹੈ । ਗ਼ੈਰ ਸਾਰਕਾਰੀ ਮੈਂਬਰ ਅਸੰਬਲੀ ਵੀ ਅਤੇ ਸਰਕਾਰੀ ਮੈਂਬਰ ਅਸੰਬਲੀ ਵੀ ਵੱਧ ਵਧੱਕੇ ਅਹਮਦੀਆਂ ਵਿਰੁਧ ਬੋਲਦੇ ਹਨ । ਇਸੇ ਹੀ ਪ੍ਰਕਾਰ ਬੀਤੇ ਦਿਨੀ ਪਾਕਿਸਤਾਨ ਦੀ ਨੈਸ਼ਨਲ ਅਸੰਬਲੀ ਵਿੱਚ ਇਕ ਕਨੂਨੀ ਤਰਮੀਮ (ਤਬਦੀਲੀ) ਦੇ ਸ਼ਬਦਾਂ ਵਿੱਚ ਹੇਰਫੇਰ ਜੋ ਕਿ ਰਾਜਨੀਤਿਕ ਪਾਰਟੀ ਜਾਂ ਸਰਕਾਰੀ ਪਾਰਟੀ ਦੇ ਆਪਣੇ ਹਿਤਾਂ ਲਈ ਕਰ ਰਹੀ ਸੀ, ਸਾਨੂੰ ਇਸ ਸੰਬੰਧੀ ਇਹੋ ਕੁਝ ਦਿਖਾਈ ਦਿੱਤਾ । ਜਿੱਥੋਂ ਤੱਕ ਜਮਾਤ ਅਹਮਦੀਆ ਦਾ ਸੰਬੰਧ ਹੈ ਨ ਹੀ ਅਸੀਂ ਕਿਸੇ ਵਿਦੇਸ਼ੀ ਤਾਕਤ ਨੂੰ ਕਦੇ ਕਿਹਾ ਹੈ ਕਿ ਸਾਨੂੰ ਪਾਕਿਸਤਾਨੀ ਅਸੰਬਲੀ ਦੇ ਨਿਯੱਮਾ ਵਿੱਚ ਤਬਦੀਲੀ ਕਰਾਕੇ ਕਨੂਨ ਅਤੇ ਕਾਨੂਨੀ ਦ੍ਰਿਸ਼ਟੀ ਵਿੱਚ ਮੁਸਲਮਾਨ ਬਣਾਇਆ ਜਾਵੇ, ਨ ਹੀ ਅਸੀਂ ਕਿਸੇ ਪਾਸਿਤਾਨੀ ਸਰਕਾਰ ਕੋਲੋਂ ਕਦੇ ਇਸ ਚੀਜ਼ ਦੀ ਭਿੱਖਿਆ ਮੰਗੀ ਹੈ, ਨ ਹੀ ਸਾਨੂੰ ਕਿਸੇ ਅਸੰਬਲੀ ਜਾਂ ਹੁਕੂਮਤ ਕੋਲੋਂ ਮੁਸਲਮਾਨ ਅਖਵਾਉਣ ਲਈ ਕਿਸੇ ਸਰਟੀਫ਼ਿਕੇਟ ਦੀ ਲੋੜ ਹੈ ਨ ਹੀ ਕਿਸੇ ਸਨਦ ਦੀ ਲੋੜ ਹੈ । ਅਸੀਂ ਆਪਣੇ ਆਪ ਨੂੰ ਮੁਸਲਮਾਨ ਕਹਿੰਦੇ ਹਾਂ ਕਿਉਂਕਿ ਅਸੀਂ ਮੁਸਲਮਾਨ ਹਨ । ਸਾਨੂੰ ਰੱਬ ਨੇ ਅਤੇ ਉਸ ਦੇ ਰਸੂਲ ਸਲਲੱਾਹੁ ਅਲੈਹਿ ਵਸਲਮ ਨੇ ਮੁਸਲਮਾਨ ਬਣਾਇਆ ਹੈ । ਅਸੀਂ (لا الہ الا اللہ محمد رسول اللہ) ਲਾ ਇਲਾਹਾ ਇਲੱਲੱਾਹੁ ਮੁਹਮੱਦੁਰ ਰਸੂਲੁਲੱਹ' ਦਾ ਕਲਮਾ ਪੜ੍ਹਨ ਵਾਲੇ ਹਾਂ, ਅਸੀਂ ਇਸਲਾਮ ਦੇ ਸਾਰੇ ਅਰਕਾਨ (ਸਤੰਭ) ਅਤੇ ਇਮਾਨ ਦੇ ਅਰਕਾਨਾ ਉਪੱਰ ਵਿਸ਼ਵਾਸ ਰਖੱਦੇ ਹਾਂ ਅਤੇ ਹਜ਼ਰਤ ਮੁਹਮੱਦ ਸਲੱਾਹੁ ਅਲੈਹਿ ਵਸਲਮ ਨੂੰ ਖ਼ਾਤਾਮਨੱਬੀਯੀਨ ਮੰਨ੍ਹਦੇ ਹਾਂ ਜਿਵੇਂ ਕਿ ਕੁਰਆਨ ਕਰੀਮ ਵਿੱਚ ਰੱਬ ਨੇ ਫ਼ਰਮਾਇਆ ਹੈ ਅਤੇ ਉਸ ਦੀ ਮੈਂ ਹੁਣੇ ਤਲਾਵਤ ਵੀ ਕੀਤੀ ਹੈ । ਅਸੀਂ ਇਸ ਗੱਲ'ਤੇ ਜਿੱਥੋਂ ਤੱਕ ਸਾਡੀ ਪਹੁੰਚ ਹੈ ਅਸੀਂ ਕਾਇਮ ਹਨ ਕਿ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਖ਼ਾਤਾਮੰਨਬੀਯੀਨ ਹਨ । ਸਾਡੇ ਉੱਤੇ ਜੋ ਆਰੋਪ ਲਾਇਆ ਜਾਂਦਾ ਹੈ ਕਿ ਅਸੀਂ ਖ਼ਤਮੇ ਨਬੁੱਵੱਤ ਦੇ ਇਨਕਾਰੀ ਹਨ ਅਤੇ 'ਨਊਜ਼ਬਿਲੱਾਹ' ਅਸੀਂ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਨੂੰ ਖ਼ਾਤਾਮੰਨਬੀਯੀਨ ਨਹੀਂ ਮਨ੍ਹੰਦੇ ਇਹ ਅਤਿਅੰਤ ਘੱਟੀਆ ਤੇ ਘ੍ਰਿਣਿਤ ਆਰੋਪ ਹੈ ਜੋ ਸਾਡੇ ਉਪੱਰ ਲਾਇਆ ਜਾਂਦਾ ਹੈ ।

ਹਜ਼ੂਰ ਅਨਵਰ ਨੇ ਫ਼ਰਮਾਇਆ : ਕਈ ਅਰਬ ਵਾਸੀ ਜੱਦ ਸਚੱਾਈ ਜਾਨਣ ਦੇ ਬਾਦ ਬੈਅਤ ਕਰਕੇ ਜਮਾਤ ਵਿੱਚ ਸ਼ਾਮਲ ਹੁੰਦੇ ਹਨ ਤਾਂ ਉਹ ਇਹੋ ਦਸੱਦੇ ਹਨ ਕਿ ਜੱਦ ਅਸੀਂ ਆਪਣੇ ਮੌਲਵੀਆਂ ਨੂੰ ਪੁਛੱਦੇ ਹਾਂ ਕਿ ਜਮਾਤ ਬਾਰੇ ਕੀ ਵਿਚਾਰ ਹੈ ਤਾਂ ਉਹ ਇਸੇ ਪ੍ਰਕਾਰ ਦੀਆਂ ਗਲੱਾਂ ਦਸੱਦੇ ਹਨ ਕਿ ਅਹਮਦੀ ਕੁਰਆਨ ਕਰੀਮ ਨੂੰ ਨਹੀਂ ਮਨ੍ਹਦੇ । ਉਹਨਾਂ ਨੇ ਆਪਣਾ ਵਖੱਰਾ ਕੁਰਆਨ ਬਣਾਇਆ ਹੋਇਆ ਹੈ । ਇਹ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਨੂੰ ਆਖ਼ਰੀ ਨਬੀ ਨਹੀਂ ਮਨ੍ਹਦੇ ਸਗੋਂ ਮਿਰਜ਼ਾ ਸਾਹਬ ਨੂੰ ਅਖੀਰੀ ਨਬੀ ਮਨ੍ਹੰਦੇ ਹਨ । ਇਹਨਾਂ ਦਾ ਹੱਜ ਵਖੱਰਾ ਹੈ ਇਹ ਹੱਜ ਨਹੀਂ ਕਰਦੇ । ਇਹਨਾਂ ਦਾ ਕਿਬਲਾ ਹੋਰ ਹੈ, ਖ਼ਾਨਾ ਕਾਬਾ ਵੱਲ ਮੂੰਹ ਕਰਕੇ ਨਮਾਜ਼ ਨਹੀਂ ਪੜ੍ਹਦੇ ਅਤੇ ਇਹ ਲੋਕ ਕਹਿੰਦੇ ਹਨ ਜੱਦ ਅਸੀਂ ਖੋਜ ਕਰਦੇ ਹਾਂ ਤਾਂ ਇਹਨਾ ਨਾਂ ਨਿਹਾਦ ਮੌਲਵੀਆਂ ਦੀ ਪੋਲ ਖੁੱਲ ਜਾਂਦੀ ਹੈ ਅਤੇ ਇਹੋ ਗ਼ੈਰ ਅਹਮਦੀ ਮੌਲਵੀ

ਆਪਣੇ ਝੂਠ ਕਰਕੇ ਬਹੁਤਿਆਂ ਦੇ ਅਹਮਦੀਯਤ ਕੁਬੂਲ ਕਰਨ ਦਾ ਸਾਧਨ ਬਣ ਜਾਂਦੇ ਹਨ । ਸੋ, ਇਹ ਗ਼ੈਰ ਅਹਮਦੀ ਮੌਲਵੀ ਝੂਠ ਬੋਲਕੇ ਸਾਡਾ ਇਕ ਪ੍ਰਕਾਰ ਦਾ ਪ੍ਰਚਾਰ ਕਰ ਰਹੇ ਹਨ ।

ਇਹ ਕਿਵੇਂ ਹੋ ਸਕਦਾ ਹੈ ਕਿ ਅਸੀਂ ਕੁਰਆਨ ਕਰੀਮ ਨੂੰ ਨ ਮੰਨੀਏ ਅਤੇ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਨੂੰ ਖ਼ਾਤਾਮੰਨਬੀਯੀਨ ਨ ਯਕੀਨ ਕਰੀਏ ਜੱਦ ਕਿ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੇ ਆਪਣੇ ਇਲਹਾਮ ਕੁਰਆਨ ਕਰੀਮ ਨੂੰ ਰੱਬ ਦੀ ਕਿਤਾਬ ਕਹਿੰਦੇ ਹਨ ਅਤੇ ਸਾਰੇ ਉਸ ਨੂੰ ਭਲਾਈ ਦਾ ਸੋਮਾ ਸਮਝਦੇ ਹਨ ਅਤੇ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਨੂੰ ਖ਼ਾਤਾਮੁਨੱਬੀਯੀਨ ਕਹਿੰਦੇ ਹਨ । ਇਸੇ ਪ੍ਰਕਾਰ ਆਪਜੀ ਦਾ ਕੁਰਆਨ ਕਰੀਮ ਬਾਰੇ ਇਕ ਇਲਹਾਮ ਹੈ ਕਿ (اَلْخَیْرُ کُلُّہٗ فِی الْقُرْآنِ) 'ਅਲ ਖ਼ੈਰੁ ਕੁਲੁੱਹੂ ਫ਼ਿਲ ਕੁਰਆਨ' ਕਿ ਸਾਰੀਆਂ ਭਲਾਈਆਂ ਕੁਰਆਨ ਕਰੀਮ ਵਿੱਚ ਹਨ । ਇਸੇ ਪ੍ਰਕਾਰ ਆਪਜੀ ਨੇ ਇਹ ਵੀ ਫ਼ਰਮਾਇਆ ਜੋ ਕੁਰਆਨ ਕਰੀਮ ਨੂੰ ਸਨਮਾਨ ਦੇਣਗੇ ਉਹ ਅਕਾਸ਼ ਉਪੱਰ ਸਨਮਾਨ ਪਾਉਣਗੇ, ਇਹ ਨਹੀਂ ਫ਼ਰਮਾਇਆ ਕਿ ਮੇਰੇ ਇਲਹਾਮਾ ਨੂੰ ਸਨਮਾਨ ਦਿਓ । ਆਪ ਦੇ ਇਲਾਹਾਮ ਕੁਰਆਨ ਕਰੀਮ ਦੇ ਸੇਵਕ ਹਨ, ਇਹਨਾ ਦੀ ਕੋਈ ਵੱਖਰੀ ਤੇ ਸਥਾਈ ਮਹਤੱਾ ਨਹੀਂ ਹੈ । ਜੋ ਭਲਾਈਆਂ ਅਸੀਂ ਭਾਲਣੀਆਂ ਹਨ ਜੋ ਵੀ ਅਸੀਂ ਮਾਰਗ ਢੂੰਡਣੇ ਹਨ, ਸਮਾਜ ਵਿੱਚ ਕਿਸੇ ਸਮੱਸਿਆ ਬਾਰੇ ਅਸੀਂ ਸੁਮਾਰਗ ਲੈਂਣਾ ਹੈ ਤਾਂ ਉਹ ਕੁਰਆਨ ਕਰੀਮ ਵਿੱਚੋਂ ਹੀ ਅਸੀਂ ਲੈਂਦੇ ਹਾਂ ਅਤੇ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੇ ਬਹੁਤ ਸਾਰੇ ਇਲਹਾਮ ਇਹਨਾਂ ਦੀ ਵਿਆਖਿਆ ਤੇ ਵਿਸਥਾਰ ਵੀ ਕਰਦੇ ਹਨ । ਇਸੇ ਪ੍ਰਕਾਰ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੀ ਹਜ਼ਰਤ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲੱਮ ਦੇ ਖ਼ਾਤਾਮਨੱਬੀਯੀਨ ਹੋਣ ਬਾਰੇ ਅਸੰਖ ਲੇਖਣੀਆਂ ਹਨ ਅਤੇ ਇਸ ਤੋਂ ਬਿਨਾਂ ਇਹ ਇਲਹਾਮ ਵੀ ਹੈ ਜਿਸ ਵਿੱਚ ਖ਼ਾਤਾਮਨੱਬੀਯੀਨ ਦਾ ਸ਼ਬਦ ਵੀ ਆਉਂਦਾ ਹੈ, ਇਲਹਾਮ ਇਹ ਹੈ :

صَلِّ عَلٰی مُحَمَّدٍ وَّآلِ مُحَمَّدٍ سَیِّدِ وُلْدِ آدَمَ وَخَاتَمِ النَّبِیِّیْنَ۔

'ਸੱਲਿ ਅਲਾ ਮੁਹਮੱਦਿੰਵ ਵ ਆਲਿ ਮੁਹਮੱਦਿਨ ਸਯੱਦਿ ਵੁਲਦਿ ਆਦਮ ਵ ਖ਼ਾਤਾਮਨੱਬੀਯੀਨ'

ਕਿ ਦੁਰੂਦ ਭੇਜ ਮੁਹਮੱਦ ਸਲਲੱਾਹੁ ਅਲੈਹਿ ਵਸਲੱਮ ਉਪੱਰ ਅਤੇ ਆਲਿ ਮੁਹਮੱਦ ਉਪੱਰ ਜੋ ਸਰਦਾਰ ਹੈ ਆਦਮ ਦੇ ਪੁਤੱਰਾਂ ਦਾ ਅਤੇ ਖ਼ਾਤਮੰਨੱਬੀਯੀਨ ਹੈ, ਸਲਲੱਾਹੁ ਅਲੈਹਿ ਵਸਲਮ । ਅਤੇ ਇਹ ਇਲਹਾਮ ਵੱਖ ਵੱਖ ਸਮਿਆਂ ਵਿੱਚ ਕਈ ਵਾਰ ਹੋਇਆ ਹੈ । ਫਿਰ ਇਹ ਵੀ ਇਲਹਾਮ ਹੈ ਕਿ (كل بركة من محمد صلى الله عليه وسلم) 'ਕੁੱਲੁ ਬਰਕਾਤਿਨ ਮਿਨ ਮੁਹਮੱਦ ਸਲਲੱਾਹੁ ਅਲੈਹਿ ਵਸਲਮ' ਕਿ ਹਰ ਇਕ ਬਰਕਤ ਮੁਹਮੱਦ ਸਲਲੱਾਹ ਵੱਲੋਂ ਹੈ । ਫਿਰ ਆਪ ਆਪਣੀ ਕਿਤਾਬ 'ਤਜੱਲੀਯਾਤਿ ਇਲਾਹੀਯਾ' ਵਿੱਚ ਲਿਖੱਦੇ ਹਨ ਕਿ ਜੇਕਰ ਮੈਂ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮਦੀ ਉਮੱਤ ਨ ਹੁੰਦਾ ਅਤੇ ਆਪ ਸਲਲੱਾਹੁ ਅਲੈਹਿ ਵਸਲਮ ਦੀ ਪੈਰ੍ਹਵੀ ਨ ਕਰਦਾ ਤਾਂ ਜੇਕਰ ਦੁਨੀਆ ਦੇ ਸਾਰਿਆਂ ਪਹਾੜਾਂ ਬਰਾਬਰ ਮੇਰੇ ਕਰਮ ਹੁੰਦੇ ਤਾਂ ਫਿਰ ਵੀ ਮੈਂ ਇਹ ਇਲਾਹੀ ਵਾਰਤਾਲਾਪ ਨ ਪ੍ਰਾਪਤ ਕਰਦਾ ਕਿਉਂਕਿ ਹੁਣ ਸਿਵਾਏ ਮੁਹਮਦੀ ਨਬੁਵੱਤ ਦੇ ਸਾਰੀਆਂ ਨਬੁਵੱਤਾਂ ਬੰਦ ਹਨ ।

ਹਜ਼ੂਰ ਅਨਵਰ ਨੇ ਫ਼ਰਮਾਇਆ : ਸੋ, ਹਜ਼ਰਤ ਮਸੀਹ ਮੌਊਦ ਅਲੈਹਿਸਲਾਮ ਵੀ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਦੇ ਅਧੀਨ ਹਨ ਅਤੇ ਆਪਜੀ ਦੇ ਇਲਹਾਮ ਵੀ ਕੁਰਆਨ ਕਰੀਮ ਦੇ ਅਧੀਨ ਤੇ ਵਿਸਥਾਰ ਹਨ । ਜੇਕਰ ਅਸੀਂ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੇ ਇਲਹਾਮਾ ਨੂੰ ਨਊਜ਼ਬਿਲੱਾਹ ਕੁਰਆਨ ਕਰੀਮ ਤੋਂ ਅਫ਼ਜ਼ਲ (ਸ੍ਰੇਸ਼ਠ) ਸਮਝਦੇ ਤਾਂ ਅਸੀ ਜੋ ਅੱਜਕਲ ਖ਼ਰਚ ਕਰਕੇ ਆਰਥਕ ਕੁਰਬਾਨੀਆਂ ਕਰਕੇ ਦੁਨੀਆ ਵਿੱਚ ਕੁਰਆਨ ਕਰੀਮ ਦੇ ਅਨੁਵਾਦ ਪ੍ਰਕਾਸ਼ਨ ਕਰ ਰਹੇ ਹਾਂ, ਇਹਨਾਂ ਦੀ ਥਾਂ ਇਲਹਾਮਾ ਦੀ ਪ੍ਰਕਾਸ਼ਨਾ ਕਰਦੇ । ਇਸ ਸਮੇਂ ਤੱਕ 75 ਭਾਸ਼ਾਵਾਂ ਵਿੱਚ

ਕੁਰਆਨ ਕਰੀਮ ਦੇ ਸੰਪੂਰਨ ਅਨੁਵਾਦ ਪ੍ਰਕਾਸ਼ਤ ਹੋ ਚੁੱਕੇ ਹਨ ਅਤੇ ਕੁਝ ਭਾਸ਼ਾਵਾਂ ਵਿੱਚ ਅਜੇ ਅਨੁਵਾਦ ਹੋ ਰਿਹਾ ਹੈ । 111 ਭਾਸ਼ਾਵਾਂ ਵਿੱਚ ਕੁਰਆਨ ਕਰੀਮ ਦੀਆਂ ਚੋਣਵੀਆਂ ਆਇਤਾਂ ਦਾ ਅਨੁਵਾਦ ਪ੍ਰਕਾਸ਼ਤ ਹੋ ਚੁਕਿਆ ਹੈ । ਵੱਡੀਆਂ ਵੱਡੀਆਂ ਇਸਲਾਮੀ ਹੁਕੂਮਤਾਂ ਅਤੇ ਵੱਡੀਆਂ ਵੱਡੀਆਂ ਪੈਸਿਆਂ ਵਾਲੀਆਂ ਤੰਜ਼ੀਮਾ ਹਨ ਉਹ ਤਾਂ ਰਤਾ ਦਸੱਣ ਕਿ ਉਹਨਾਂ ਨੇ ਕਿੰਨ੍ਹੀਆਂ ਭਾਸ਼ਾਵਾਂ ਵਿੱਚ ਕੁਰਆਨ ਕਰੀਮ ਦੇ ਅਨੁਵਾਦ ਦੀ ਪ੍ਰਕਾਸ਼ਨਾ ਕੀਤੀ ਹੈ ।

ਹਜ਼ੂਰ ਅਨਵਰ ਨੇ ਫ਼ਰਮਾਇਆ : ਖ਼ਾਤਾਮਨੱਬੀਯੀਨ ਦੇ ਵਾਸਤਿਵਕ ਅਰਥ ਅਤੇ ਆਤਮਾ ਨੂੰ ਵੀ ਅਸੀਂ ਅਹਮਦੀ ਹੀ ਸਮਝਦੇ ਹਨ ਅਤੇ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਦੇ ਖ਼ਾਤਾਮਨੱਬੀਯੀਨ ਹੋਣ ਦੀ ਪ੍ਰਕਾਸ਼ਨਾ ਵੀ ਦੁਨੀਆ ਦੇ ਵੱਖ ਵੱਖ ਦੇਸ਼ਾਂ ਵਿਚ ਉਹਨਾ ਦੀਆਂ ਆਪਣੀਆਂ ਭਾਸ਼ਾਵਾਂ ਵਿੱਚ ਅਹਮਦੀ ਹੀ ਕਰ ਰਹੇ ਹਨ । ਫਿਰ ਵੀ ਇਹ ਲੋਕ ਆਰੋਪ ਲਾਉਂਦੇ ਹਨ ਕਿ ਅਹਮਦੀ ਨਉਜ਼ਬਿਲੱਾਹ ਖ਼ਤਮੇ ਨਬੁਵੱਤ ਦੇ ਇਨਕਾਰੀ ਹਨ । ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੇ ਸਾਨੂੰ ਖ਼ਤਮੇ ਨਬੁਵੱਤ ਦੀ ਵਾਸਤਵਿਕਤਾ ਦਾ ਬੋਧ ਤੇ ਗਿਆਨ ਪ੍ਰਦਾਨ ਕੀਤਾ ਹੈ ਜਿਸਦੇ ਨੇੜੇ ਵੀ ਇਹ ਲੋਕ ਜੋ ਖ਼ਤਮੇ ਨਬੁਵੱਤ ਦਾ ਝੰਡਾ ਚੁਕੱਣ ਦੇ ਦਾਵੇਦਾਰ ਹਨ ਨਹੀਂ ਪਹੁੰਚ ਸਕਦੇ । ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਫ਼ਰਮਾਉਂਦੇ ਹਨ :

ਇਹ ਵੀ ਚੇਤੇ ਰਖੱਣਾ ਚਾਹੀਦਾ ਹੈ ਕਿ ਮੇਰੇ ਉਪੱਰ ਤੇ ਮੇਰੀ ਜਮਾਤ ਉਪੱਰ ਇਹ ਆਰੋਪ ਲਾਇਆ ਜਾਂਦਾ ਹੈ ਕਿ ਅਸੀਂ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਨੂੰ ਖ਼ਾਤਾਮੁਨੱਬੀਯੀਨ ਨਹੀਂ ਮਨ੍ਹੰਦੇ, ਇਹ ਸਾਡੇ ਉਪੱਰ ਮਹਾ ਝੂਠਾ ਆਰੋਪ ਹੈ । ਅਸੀਂ ਜਿਸ ਦ੍ਰਿੜ੍ਹ ਵਿਸ਼ਵਾਸ, ਮਆਰਫ਼ਤ ਤੇ ਦਾਨਾਈ ਨਾਲ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਨੂੰ ਖ਼ਾਤਾਮੁਨੱਬੀਯੀਨ ਮੰਨ੍ਹਦੇ ਤੇ ਵਿਸ਼ਵਾਸ ਕਰਦੇ ਹਨ ਉਸ ਦਾ ਲਖੱਵਾਂ ਭਾਗ ਵੀ ਦੂਜੇ ਲੋਕ ਨਹੀਂ ਮਨ੍ਹੰਦੇ ਅਤੇ ਉਹਨਾ ਦੇ ਅਜਿਹਾ ਬੋਧ ਨਹੀਂ ਹੈ । ਉਹ ਇਸ ਵਾਸਤਵਿਕਤਾ ਅਤੇ ਭੇਤ ਨੂੰ ਜੋ ਖ਼ਾਤਾਮੁਲ ਅੰਬਿਆ ਦੀ ਖ਼ਤਮੇ ਨਬੁਵੱਤ ਵਿੱਚ ਹੈ ਸਮਝਦੇ ਹੀ ਨਹੀਂ । ਉਹਨਾਂ ਨੇ ਕੇਵਲ ਬਾਪ ਦਾਦਿਆਂ ਤੋਂ ਇਕ ਸ਼ਬਦ ਸੁਣਿਆ ਹੋਇਆ ਹੈ ਪਰ ਇਸ ਦੀ ਹਕੀਕਤ ਤੋਂ ਉਕੱਾ ਹੀ ਸਖੱਣੇ ਹਨ ਅਤੇ ਨਹੀਂ ਜਾਣਦੇ ਕਿ ਖ਼ਤਮੇ ਨਬੁਵੱਤ ਕੀ ਹੁੰਦਾ ਹੈ ਅਤੇ ਇਸ'ਤੇ ਇਮਾਨ ਲਿਆਉਣ ਦਾ ਕੀ ਭਾਵਅਰਥ ਹੈ ਪਰ ਅਸੀਂ ਦ੍ਰਿੜ੍ਹ ਦਾਨਾਈ ਰਾਹੀਂ ਜਿਸ ਨੂੰ ਰੱਬ ਚੰਗੀ ਤਰ੍ਹਾਂ ਜਾਣਦਾ ਹੈ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਨੂੰ ਖ਼ਾਤਾਮੁਲ ਅੰਬਿਆ ਵਿਸ਼ਵਾਸ ਕਰਦੇ ਹਾਂ ਅਤੇ ਰੱਬ ਨੇ ਖ਼ਤਮੇ ਨਬੁਵੱਤ ਦੀ ਹਕੀਕਤ ਨੂੰ ਅਜਿਹੇ ਰੂਪ ਵਿੱਚ ਸਾਡੇ'ਤੇ ਖੋਲ ਦਿਤੱਾ ਹੈ ਕਿ ਇਸ ਦਲੀਲਾਂ ਦੇ ਸ਼ਰਬਤ ਨਾਲ ਜੋ ਸਾਨੂੰ ਪਿਆਇਆ ਗਿਆ ਹੈ ਇਕ ਵਿਸ਼ੇਸ਼ ਆਨੰਦ ਪ੍ਰਾਪਤ ਕਰਦੇ ਹਾਂ ਜਿਸਦਾ ਅਨੁਮਾਨ ਕੋਈ ਨਹੀਂ ਕਰ ਸਕਦਾ, ਸਿਵਾਏ ਉਹਨਾਂ ਲੋਕਾਂ ਦੇ ਜੋ ਇਸ ਸੋਮੇ ਤੋਂ ਰੱਜੇ ਹੋਏ ਹੋਣ ।

ਫਿਰ ਖ਼ਤਮੇ ਨਬੁਵੱਤ ਦੀ ਵਾਸਤਵਿਕਤਾ ਵਰਨਣ ਕਰਦਿਆਂ ਹੋਇਆਂ ਆਪ ਫ਼ਰਮਾਉਂਦੇ ਹਨ ਕਿ ਸਾਨੂੰ ਰੱਬ ਨੇ ਉਹ ਨਬੀ ਜੋ ਖ਼ਾਤਾਮੁਲ ਮੋਮਿਨੀਨ, ਖ਼ਾਤਾਮੁਲ ਆਰਿਫ਼ੀਨ ਅਤੇ ਖ਼ਾਤਾਮੰਨਬੀਯੀਨ ਹੈ ਅਤੇ ਇਸੇ ਪ੍ਰਕਾਰ ਉਹ ਕਿਤਾਬ ਉਸ ਉਪੱਰ ਨਾਜ਼ਿਲ (ਉਤਾਰੀ) ਕੀਤੀ ਜੋ ਸਮੂਹ ਕਿਤਾਬਾ ਦਾ ਸੰਗ੍ਰਹਿ ਤੇ ਖਾਤਾਮੁਲ ਕੁਤੁਬ ਹੈ । ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਜੋ ਖਾਤਾਮਨੱਬੀਯੀਨ ਹਨ ਅਤੇ ਆਪ ਉਪੱਰ ਨਬੁਵੱਤ ਖ਼ਤਮ ਹੋ ਗਈ ਤਾਂ ਇਹ ਨਬੁਵੱਤ ਇਸ ਪ੍ਰਕਾਰ ਖ਼ਤਮ ਨਹੀਂ ਹੋਈ ਜਿਵੇਂ ਕੋਈ ਗੱਲ੍ਹ ਘੁਟੱਕੇ ਖ਼ਤਮ ਕਰ ਦੇਵੇ । ਅਜਿਹਾ ਖ਼ਤਮ ਮਾਣਯੋਗ ਨਹੀਂ ਹੁੰਦਾ ਸਗੋਂ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਨਬੁਵੱਤ ਖ਼ਤਮ ਹੋਣ ਤੋਂ ਇਹ ਮੁਰਾਦ ਹੈ ਕਿ ਪ੍ਰਕਿਤਿਕ ਰੂਪ ਵਿੱਚ ਆਪ ਉਪੱਰ ਸਾਰੇ ਕਮਾਲਾਤੇ ਨਬੁਵੱਤ ਖ਼ਤਮ ਹੋ ਗਏ ਹਨ ਅਰਥਾਤ ਉਹ ਸਾਰੇ ਭਿੰਨ ਭਿੰਨ ਕਮਾਲਾਤ ਜੋ ਆਦਮ ਤੋਂ ਲੈਕੇ ਮਸੀਹ ਇਬਨੇ ਮਰਯੱਮ ਨਬੀਆਂ ਨੂੰ ਦਿੱਤੇ ਗਏ ਸਨ ਉਹ ਸਾਰੇ ਦੇ ਸਾਰੇ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਵਿੱਚ ਇਕੱਠੇ ਕਰ ਦਿੱਤੇ ਗਏ ਅਤੇ ਇਸ ਪ੍ਰਕਾਰ ਆਪ ਪ੍ਰਕ੍ਰਿਤਕ ਰੂਪ ਵਿੱਚ ਖ਼ਾਤਾਮਨੱਬੀਯੀਨ ਠਹਿਰੇ ਅਤੇ ਅਜਿਹਾ ਹੀ ਉਹ ਸਮੂਹ

ਸਿੱਖਿਆਵਾਂ ਅਤੇ ਪੈੜ੍ਹਾਂ ਤੇ ਮਆਰਫ਼ਤ ਜੋ ਵੱਖ ਵੱਖ ਕਿਤਾਬਾਂ ਵਿੱਚ ਚਲੇ ਆਉਂਦੇ ਸਨ ਜੋ ਪਹਿਲੀਆਂ ਸ਼ਰੀਅਤਾਂ ਵਿੱਚ ਸਨ ਉਹ ਕੁਰਆਨ ਕਰੀਮ ਵਿੱਚ ਆਣਕੇ ਖ਼ਤਮ ਹੋ ਗਈਆਂ ਅਤੇ ਕੁਰਆਨ ਕਰੀਮ ਖ਼ਾਤਾਮੁਲ ਕੁਤੁਬ ਠਹਿਰਿਆ ।

ਸੋ ਇਹ ਹਕੀਕਤ ਹੈ ਜਿਸ ਤੋਂ ਸਾਡੇ ਵਿਰੋਧੀ ਅਣਜਾਣ ਹਨ ਅਤੇ ਲੋਕ ਜੋ ਮੌਲਵੀਆਂ ਦੀ ਚੁੰਗਲ ਵਿੱਚ ਫਸੇ ਹੋਏ ਹਨ ਉਹ ਉਹਨਾਂ ਨੂੰ ਆਪਣੀ ਗ੍ਰਿਫ਼ਤ ਵਿੱਚੋਂ ਬਾਹਰ ਨਹੀਂ ਨਿਕਲਣ ਦੇਣਾ ਚਾਹੁੰਦੇ ਕਿ ਜੇਕਰ ਇਹ ਹਕੀਕਤ ਉਹਨਾ ਦੇ ਪਿੱਛੇ ਚਲੱਣ ਵਾਲਿਆਂ ਨੂੰ ਪਤਾ ਲੱਗ ਜਾਏ ਤਾਂ ਫਿਰ ਉਹਨਾਂ ਨੇ ਧਰਮ ਦਾ ਜੋ ਕਾਰੋਬਾਰ ਬਣਾਇਆ ਹੋਇਆ ਹੈ ਉਹ ਉਹਨਾਂ ਦਾ ਕਾਰੋਬਾਰ ਚੱਲ ਨਹੀਂ ਸਕੇਗਾ ।

ਹਜ਼ੂਰ ਅਨਵਰ ਨੇ ਫ਼ਰਮਾਇਆ : ਅੱਜ ਜਮਾਤ ਅਹਮਦੀਆ ਆਪਣੀਆਂ ਸਾਰੀਆਂ ਸ਼ਕਤੀਆਂ ਤੇ ਸਾਧਨਾਵਾਂ ਰਾਹੀਂ ਤੋਹੀਦ (ਇਕ ਈਸ਼ਵਰਵਾਦ) ਅਤੇ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਦੇ ਨਬੁਵੱਤ ਦੇ ਮੁਕਾਮ ਨੂੰ ਦੁਨੀਆ ਦੇ ਹਰ ਕਸਬੇ ਤੇ ਪਿੰਡ ਵਿੱਚ ਅਤੇ ਗਲੀ ਵਿੱਚ ਫੈਲਾ ਰਹੀ ਹੈ । ਸੋ, ਅਸੀਂ ਹਨ ਜੋ ਸਹੀ ਅਰਥਾਂ ਵਿੱਚ ਬੋਧ ਰਖੱਣ ਵਾਲੇ ਹਨ ਖ਼ਤਮੇ ਨਬੁਵੱਤ ਦਾ ਅਤੇ ਆਪ ਉਪੱਰ ਉਤੱਰੀ ਸ਼ਰੀਅਤ ਦਾ । ਇਹ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਹੀ ਹਨ ਜਿੰਨ੍ਹਾ ਨੇ ਦੂਜਿਆਂ ਧਰਮਾ ਨੂੰ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਦੇ ਅਸਥਾਨ ਬਾਰੇ ਖੋਲ੍ਹਕੇ ਦੱਸਿਆ ਹੈ ਅਤੇ ਨ ਕੇਵਲ ਆਪ ਦਾ ਅਸਥਾਨ ਦੱਸਿਆ ਸਗੋਂ ਇਹ ਵੀ ਦੱਸਿਆ ਕਿ ਪਹਿਲਾਂ ਬੀਤੇ ਸਾਰਿਆਂ ਨਬੀਆਂ ਦੀਆਂ ਸਿੱਖਿਆਵਾਂ ਐਨ੍ਹੀਆਂ ਬਦਲ ਚੁੱਕੀਆਂ ਹਨ ਕਿ ਇਹਨਾਂ ਨਬੀਆਂ ਦੇ ਅਸਥਾਨ ਤੇ ਸਚੱਾਈ ਦਾ ਕੁਝ ਪਤਾ ਹੀ ਨਹੀਂ ਲਗੱ ਸਕਦਾ ਕਿ ਉਹ ਸੱਚੇ ਵੀ ਸਨ ਜਾਂ ਨਹੀਂ । ਇਹ ਵੀ ਆਪ ਸਲਲੱਾਹੁ ਅਲੈਹਿ ਵਸਲਮ ਦਾ ਹੀ ਅਸਥਾਨ ਹੈ ਜੋ ਪਹਿਲੇ ਨਬੀਆਂ ਦੀ ਸਚੱਾਈ ਦੱਸੀ ।

ਹਜ਼ੂਰ ਅਨਵਰ ਨੇ ਫ਼ਰਮਾਇਆ : ਅੱਜ ਕੱਲ ਮੌਲਵੀ ਤਾਂ ਆਪੋ ਵਿੱਚ ਇਕ ਦੂਜੇ ਨੂੰ ਆਰੋਪ ਤਾਂ ਲਾ ਹੀ ਰਹੇ ਹਨ ਪਰ ਇਹ ਜੁਰੱਤ ਨਹੀਂ ਕਿ ਦੂਜਿਆਂ ਧਰਮਾ ਨੂੰ ਉਹਨਾਂ ਦਾ ਮੂੰਹ ਦਿਖਾਕੇ ਉਹਨਾ ਦੀਆਂ ਕਮਜ਼ੋਰੀਆਂ ਦਿਖਾਉਣ ਅਤੇ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਦੀ ਵੱਡਿਆਈ ਸਾਬਤ ਕਰਨ । ਇਹ ਕੰਮ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੀ ਸੀਖ (ਤਰਬੀਯਤ) ਤੇ ਗਿਆਨ ਕਰਕੇ ਹੀ ਜਮਾਤ ਅਹਮਦੀਆ ਕਰ ਰਹੀ ਹੈ ਪਰ ਫਿਰ ਵੀ ਇਹਨਾਂ ਦੀ ਦ੍ਰਿਸ਼ਟੀ ਵਿੱਚ ਅਸੀਂ ਕਾਫ਼ਰ ਅਤੇ ਇਹ ਮੋਮਿਨ ਹਨ ।

ਅਸੀਂ ਮੁਸਲਮਾਨ ਹਨ ਅਤੇ ਅਸੀਂ ਰੱਬ ਦੀ ਕਿਤਾਬ ਫ਼ੁਰਕਾਨੇ ਮਜੀਦ ਉਪੱਰ ਇਮਾਨ ਲਿਆਉਂਦੇ ਹਨ ਅਤੇ ਇਹ ਵੀ ਯਕੀਨ ਰਖੱਦੇ ਹਨ ਕਿ ਸਾਡੇ ਆਕਾ ਮੁਹਮੱਦ ਰਸੂਲੁਲੱਾਹ ਸਲਲਾਹੁ ਅਲੈਹਿ ਵਸਲਮ ਰੱਬ ਦੇ ਨਬੀ ਅਤੇ ਉਸ ਦੇ ਰਸੂਲ ਹਨ ਅਤੇ ਇਹ ਕਿ ਆਪ ਬਹੁਤ ਚੰਗਾ ਧਰਮ ਲੈਕੇ ਆਏ ਅਤੇ ਇਸ ਗੱਲ ਉਪੱਰ ਵੀ ਇਮਾਨ ਰਖੱਦੇ ਹਨ ਕਿ ਆਪ ਖ਼ਾਤਾਮੁਲ ਅੰਬਿਆ ਹਨ ਅਤੇ ਆਪ ਦੇ ਬਾਦ ਕੋਈ ਨਬੀ ਨਹੀਂ ਪਰ ਉਹੋ ਜਿਸ ਦੀ ਤਰਬੀਯਤ ਆਪ ਸਲਲੱਾਹੁ ਅਲੈਹਿ ਵਸਲੱਮ ਦੇ ਸੋਮੇ ਵਿੱਚੋਂ ਹੋਈ ਹੋਵੇ । ਅਤੇ ਜਿਸ ਵਿਅਕਤੀ ਨੇ ਕੁਰਆਨ ਕਰੀਮ ਵਿੱਚ ਕੋਈ ਵਾਧਾ ਕੀਤਾ ਜਾਂ ਕੋਈ ਘੱਟ ਕੀਤਾ ਤਾਂ ਉਹ ਦੁਰਭਾਗੀ ਸ਼ੈਤਾਨ ਹੈ ਅਤੇ ਖ਼ਤਮੇ ਨਬੁਵੱਤ ਤੋਂ ਅਸੀਂ ਇਹ ਭਾਵ ਲੈਂਦੇ ਹਾਂ ਕਿ ਸਾਡੇ ਨਬੀ ਕਰੀਮ ਸਲਲੱਾਹੁ ਅਲੈਹਿ ਵਸਲਮ ਉਪੱਰ ਜੋ ਰੱਬ ਦੇ ਸਾਰੇ ਰਸੂਲਾਂ ਤੇ ਨਬੀਆਂ ਤੋਂ ਉਤੱਮ ਹਨ ਸਾਰੇ ਕਮਾਲਾਤ ਖ਼ਤਮ ਹੋ ਗਏ ਹਨ ਅਤੇ ਅਸੀਂ ਵਿਸ਼ਵਾਸ ਰਖੱਦੇ ਹਾਂ ਕਿ ਆਪ ਸਲਲੱਾਹੁ ਅਲੈਹਿ ਵਸਲਮ ਦੇ ਬਾਦ ਨਬੁਵੱਤ ਦੇ ਅਸਥਾਨ ਉਪੱਰ ਉਹੋ ਵਿਅਕਤੀ ਆ ਸਕਦਾ ਹੈ ਜੋ ਆਪ ਸਲਲੱਾਹੁ ਅਲੈਹਿ ਵਸਲਮ ਦੀ ਉਮੱਤ ਵਿੱਚੋਂ ਹੈ ਅਤੇ ਆਪ ਸਲਲੱਾਹੁ ਅਲੈਹਿ ਵਸਲਮ ਦਾ ਪੂਰਨ ਪੈਰ੍ਹੋਕਾਰ ਹੋਵੇ ਅਤੇ ਉਸ ਨੇ ਸਾਰੇ ਲਾਭ ਆਪ ਸਲਲੱਾਹੁ ਅਲੈਹਿ ਵਸਲਮ ਹੀ ਦੀ ਆਤਮਕਤਾ ਤੋਂ ਪ੍ਰਾਪਤ ਕੀਤੇ ਹੋਣ ਅਤੇ ਆਪ ਦੇ ਨੂਰ ਨਾਲ ਮੁਨਵੱਰ ਹੋਇਆ ਹੋਵੇ । ਉਸ ਅਸਥਾਨ ਵਿੱਚ ਕੋਈ ਗ਼ੈਰਤ ਨਹੀਂ ਅਤੇ ਨ ਹੀ ਗ਼ੈਰਤ ਦੀ ਕੋਈ ਥਾਂ ਹੈ

ਅਤੇ ਇਹ ਕੋਈ ਵਖੱਰੀ ਨਬੁਵੱਤ ਨਹੀਂ ਅਤੇ ਨ ਹੀ ਹੈਰਾਨੀ ਦੀ ਥਾਂ ਹੈ ਸਗੋਂ ਇਹ ਪ੍ਰਤੀਬਿੰਬ ਹੀ ਹੈ ਜੋ ਦੂਜੇ ਦਰਪਣ ਵਿੱਚ ਪ੍ਰਕਟ ਹੋਇਆ ਹੈ ਅਤੇ ਕੋਈ ਵਿਅਕਤੀ ਆਪਣੇ ਚਿਤੱਰ ਨੂੰ ਜਿਸ ਨੂੰ ਰੱਬ ਨੇ ਦਿਖਾਇਆ ਹੋਵੇ ਗ਼ੈਰਤ ਨਹੀਂ ਖਾਂਦਾ ਕਿਉਂਕਿ ਚੇਲਿਆਂ ਤੇ ਪੁਤੱਰਾਂ ਉਪੱਰ ਗ਼ੈਰਤ ਜੋਸ਼ ਵਿੱਚ ਨਹੀਂ ਆਉਂਦੀ । ਸੋ, ਜੋ ਵਿਅਕਤੀ ਨਬੀ ਕਰੀਮ ਸਲਲਾਹੁ ਅਲੈਹਿ ਵਸਲਮ ਤੋਂ ਲਾਭ ਪ੍ਰਾਪਤ ਕਰਕੇ ਅਤੇ ਆਪ ਸਲਲੱਾਹੁ ਅਲੈਹਿ ਵਸਲਮ ਵਿੱਚ ਵਿਲੀਨ (ਫ਼ਨਾ) ਹੋਕੇ ਆਏ ਉਹ ਹਕੀਕਤ ਵਿੱਚ ਉਹੋ ਹੀ ਹੈ ਕਿਉਂਕਿ ਉਹ ਕਾਮਲ ਫ਼ਨਾ ਦੇ ਅਸਥਾਨ ਉਪੱਰ ਹੁੰਦਾ ਹੈ ਅਤੇ ਆਪ ਦੇ ਰੰਗ ਵਿੱਚ ਹੀ ਰੰਗਿਆ ਹੋਇਆ ਹੁੰਦਾ ਹੈ ਅਤੇ ਆਪ ਹੀ ਦੀ ਚਾਦਰ ਓੜ੍ਹਿਆਂ ਹੁੰਦਾ ਹੈ ਅਤੇ ਆਪ ਸਲਲੱਾਹੁ ਅਲੈਹਿ ਵਸਲਮ ਰਾਹੀਂ ਹੀ ਉਸ ਨੇ ਆਪਣਾ ਰੂਹਾਨੀ ਵੁਜੂਦ ਹਾਸਲ ਕੀਤਾ ਹੁੰਦਾ ਹੈ ਅਤੇ ਆਪ ਸਲਲੱਾਹੁ ਅਲੈਹਿ ਵਸਲੱਮ ਦੇ ਫ਼ੈਜ਼ ਤੋਂ ਹੀ ਉਸ ਦਾ ਵੁਜੂਦ ਕਮਾਲ ਨੂੰ ਪਹੁੰਚਿਆ ਹੁੰਦਾ ਹੈ ਅਤੇ ਇਹੋ ਉਹ ਸਚੱਾਈ ਹੈ ਜੋ ਸਾਡੇ ਨਬੀ ਕਰੀਮ ਸਲਲੱਾਹੁ ਅਲੈਹਿ ਵਸਲਮ ਦੀ ਬਰਕਤਾਂ ਉਪੱਰ ਗਵਾਹ ਹੈ ਅਤੇ ਲੋਕ ਨਬੀ ਕਰੀਮ ਸਲਲੱਾਹੁ ਅਲੈਹਿ ਵਸਲਮ ਦੀ ਸੁੰਦਰਤਾ ਉਹਨਾਂ ਪੈਰੋਕਾਰਾਂ ਦੇ ਵਸਤਰਾਂ ਵਿੱਚ ਦੇਖਦੇ ਹਨ ਜੋ ਆਪਣੇ ਕਮਾਲ ਦਰਜੇ ਦੇ ਪ੍ਰੇਮ ਤੇ ਸਵਛੱਤਾ ਕਰਕੇ ਆਪ ਦੇ ਵੁਜੂਦ ਵਿੱਚ ਫ਼ਨਾ ਹੋ ਗਏ ਅਤੇ ਇਸ ਦੇ ਵਿਰੁਧ ਬਹਿਸ ਕਰਨਾ ਮੂਰਖਤਾ ਹੈ ਕਿਉਂਕਿ ਇਹ ਤਾਂ ਆਪ ਦੇ ਨੀਵੇਂ ਨ ਹੋਣ ਦਾ ਰੱਬ ਵੱਲੋਂ ਸਬੂਤ ਹੈ ਅਤੇ ਗ਼ੌਰ ਕਰਨ ਵਾਲਿਆਂ ਲਈ ਇਸਦੇ ਵਿਸਥਾਰ ਦੀ ਲੋੜ ਨਹੀਂ ਅਤੇ ਆਪ ਸਲਲੱਾਹੁ ਅਲੈਹਿ ਵਸਲਮ ਸਰੀਰਿਕ ਰੂਪ ਵਿੱਚ ਤਾਂ ਪੁਰੁਸ਼ਾਂ ਵਿੱਚ ਕਿਸੇ ਦੇ ਬਾਪ ਨਹੀਂ ਪਰ ਆਪਣੀ ਰਸਾਲਤ ਦੇ ਫ਼ੈਜ਼ਾਨ ਦੇ ਪੱਖੋਂ ਹਰ ਉਸ ਵਿਅਕਤੀ ਦੇ ਬਾਪ ਹਨ ਜਿਸ ਨੇ ਰੂਹਾਨੀਯਤ ਵਿੱਚ ਕਮਾਲ ਹਾਸਲ ਕੀਤਾ ਅਤੇ ਆਪ ਸਾਰਿਆਂ ਨਬੀਆਂ ਦੇ ਖ਼ਾਤਮ ਤੇ ਸਰਿਆਂ ਪਰਵਾਨ ਹੋਇਆਂ ਦੇ ਸਰਦਾਰ ਹਨ ਅਤੇ ਹੁਣ ਰੱਬ ਦੀ ਦਰਗਾਹ ਵਿੱਚ ਉਹੋ ਵਿਅਕਤੀ ਦਾਖ਼ਲ ਹੋ ਸਕਦਾ ਹੈ ਜਿਸ ਦੇ ਕੋਲ ਆਪ ਸਲਲੱਾਹੁ ਅਲੈਹਿ ਵਸਲਮ ਦੀ ਮੁਹਰ ਦਾ ਨਕਸ਼ ਹੋਵੇ ਅਤੇ ਆਪ ਦੀ ਸੁਨੰਤ (ਪੈੜਾਂ) ਉਪੱਰ ਪੂਰੀ ਤਰ੍ਹਾਂ ਅਮਲ ਕਰਦਾ ਹੋਵੇ ਅਤੇ ਹੁਣ ਕੋਈ ਅਮਲ ਅਤੇ ਇਬਾਦਤ ਆਪ ਸਲਲੱਾਹੁ ਅਲੈਹਿ ਵਸਲਮ ਦੀ ਰਸਾਲਤ ਦੇ ਇਕਰਾਰ ਤੋਂ ਬਿਨਾਂ ਅਤੇ ਆਪ ਦੇ ਦੀਨ ਉਪੱਰ ਦ੍ਰਿੜ੍ਹ ਰਹਿਣ ਤੋਂ ਬਿਨਾ ਰੱਬ ਦੀ ਹਜ਼ੂਰੀ ਵਿੱਚ ਪਰਵਾਨਤ ਨਹੀਂ ਹੋਵੇਗੀ ਅਤੇ ਜੋ ਆਪ ਸਲਲੱਾਹੁ ਅਲੈਹਿ ਵਸਲਮ ਤੋਂ ਅੱਡ ਹੋ ਗਿਆ ਅਤੇ ਉਸ ਨੇ ਆਪਣੀ ਯਥਾਯੋਗ ਤੇ ਸ਼ਕਤੀ ਅਨੁਸਾਰ ਆਪ ਦੀ ਪੈਰ੍ਹਵੀ ਨ ਕੀਤੀ, ਉਹ ਹਲਾਕ ਹੋ ਗਿਆ । ਆਪ ਦੇ ਬਾਦ ਹੁਣ ਕੋਈ ਸ਼ਰੀਅਤ ਨਹੀਂ ਆ ਸਕਦੀ ਅਤੇ ਨ ਕੋਈ ਆਪ ਦੀ ਕਿਤਾਬ ਅਤੇ ਆਪ ਦੇ ਆਦੇਸ਼ਾਂ ਨੂੰ ਰੱਦ ਕਰ ਸਕਦਾ ਹੈ ਅਤੇ ਨ ਕੋਈ ਆਪ ਦੇ ਪਾਕ ਕਲਾਮ ਨੂੰ ਬਦਲ ਸਕਦਾ ਹੈ ਅਤੇ ਕੋਈ ਵਰਖਾ ਆਪ ਦੀ ਮੋਹਲੇਦਾਰ ਵਰਖਾ ਵਾਂਗ ਨਹੀਂ ਹੋ ਸਕਦੀ ਅਤੇ ਜੋ ਕੁਰਆਨ ਕਰੀਮ ਦੀ ਅਰਥਾਤ ਰੂਹਾਨੀ ਵਰਖਾ ਅਤੇ ਜੋ ਕੁਰਆਨ ਕਰੀਮ ਦੀ ਪੈਰ੍ਹਵੀ ਤੋਂ ਰਤਾ ਵੀ ਦੂਰ ਹੋਇਆ ਅਤੇ ਇਮਾਨ ਦੇ ਦਾਇਰੇ ਤੋਂ ਖ਼ਾਰਜ ਹੋ ਗਿਆ ਅਤੇ ਉਸ ਸਮੇਂ ਤੱਕ ਕੋਈ ਵਿਅਕਤੀ ਉਕੱਾ ਹੀ ਸਫ਼ਲ ਨਹੀਂ ਹੋ ਸਕਦਾ ਜੱਦ ਤੱਕ ਉਹ ਉਹਨਾਂ ਸਾਰੀਆਂ ਗਲੱਾਂ ਦੀ ਪੈਰ੍ਹਵੀ ਨ ਕਰੇ ਜੋ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲੱਮ ਤੋਂ ਸਾਬਤ ਹਨ ਅਤੇ ਜਿਸ ਦੇ ਆਪ ਸਲਲੱਾਹੁ ਅਲੈਹਿ ਵਸਲਮ ਵਸੀਯਤ ਵਿੱਚੋਂ ਕੋਈ ਛੋਟੀ ਜਿਹੀ ਵਸੀਯਤ ਵੀ ਛੱਡ ਦਿੱਤੀ ਤਾਂ ਉਹ ਗੁਮਰਾਹ ਹੋ ਗਿਆ ਅਤੇ ਜਿਸ ਨੇ ਇਸ ਉਮੱਤ ਵਿੱਚ ਨਬੁਵੱਤ ਦਾ ਦਾਵਾ ਕੀਤਾ ਅਤੇ ਇਹ ਅਕੀਦਾ ਰੱਖਿਆ ਕਿ ਉਹ ਖ਼ੈਰੁਲ ਬਸ਼ਰ ਮੁਹਮੱਦ ਮੁਸਤਫ਼ਾ ਸਲਲੱਾਹੁ ਅਲੈਹਿ ਵਸਲਮ ਦਾ ਹੀ ਢੂੰਡ ਕੀਤਾ ਹੈ ਅਤੇ ਆਪ ਸਲਲੱਾਹੁ ਅਲਹਿ ਵਸਲਮ ਦੇ ਜੀਵਨ ਚਰਿਤ੍ਰ ਦੇ ਬਿਨਾ ਕੇਵਲ ਨਿਰਾਦਰੀ ਹੈ ਕੋਈ ਮਹੱਤਾ ਨਹੀਂ ਉਸ ਦੀ ਅਤੇ ਇਕ ਕਿ ਕੁਰਾਨ ਕਰੀਮ ਖ਼ਾਤਾਮੁਲ ਸ਼ਰਾਏ (ਅੰਤਮ ਸ਼ਰੀਅਤ) ਨਹੀਂ ਤਾਂ ਉਹ ਹਲਾਕ ਹੋ ਗਿਆ ਅਤੇ ਉਹ ਕਾਫ਼ਰਾਂ ਅਤੇ ਫ਼ਾਜਰਾਂ (ਝੂਠਿਆਂ) ਵਿੱਚ ਜਾ ਰੱਲਿਆ ਅਤੇ ਜਿਸ ਵਿਅਕਤੀ ਨੇ ਨਬੁਵੱਤ ਦਾ ਦਾਵਾ ਕੀਤਾ ਅਤੇ ਇਹ ਅਕੀਦਾ ਨ ਰੱਖਿਆ ਕਿ ਉਹ ਆਪ ਸਲਲੱਾਹੁ ਅਲੈਹਿ ਵਸਲਮ ਦੀ ਹੀ ਉਮੱਤ ਵਿੱਚ ਹੈ ਅਤੇ ਇਹ ਕਿ ਜੋ ਕੁਝ ਉਸ ਨੇ ਪ੍ਰਾਪਤ ਕੀਤਾ ਹੈ ਉਹ ਆਪ

ਸਲਲੱਾਹੁ ਅਲੈਹਿ ਵਸਲਮ ਦੇ ਫ਼ੈਜ਼ਾਨ (ਸੋਮੇ) ਤੋਂ ਹੀ ਪ੍ਰਾਪਤ ਕੀਤਾ ਹੈ ਅਤੇ ਇਹ ਕਿ ਉਹ ਆਪ ਸਲਲੱਾਹੁ ਅਲੈਹਿ ਵਸਲੱਮ ਦੇ ਬਾਗ ਦਾ ਹੀ ਇਕ ਫਲ ਹੈ ਅਤੇ ਆਪ ਹੀ ਦੀ ਮੋਹਲੇਦਾਰ ਵਰਖਾ ਦੀ ਇਕ ਬੂੰਦ ਹੈ ਅਤੇ ਆਪ ਸਲਲੱਾਹੁ ਅਲੈਹਿ ਵਸਲਮ ਹੀ ਦੇ ਚਾਨ੍ਹਣੇ ਦੀ ਇਕ ਕਿਰਣ ਹੈ ਤਾਂ ਉਹ ਮਲਊਨ (ਧਿਕੱਾਰਿਆ) ਹੈ ਅਤੇ ਉਸ'ਤੇ ਅਤੇ ਉਸਦੇ ਸਾਥੀਆਂ'ਤੇ ਅਤੇ ਉਸ ਦੀ ਪੈਰ੍ਹਵੀ ਕਰਨ ਵਾਲਿਆਂ'ਤੇ ਅਤੇ ਉਸ ਦੇ ਸਹਾਇਕਾਂ ਉਪੱਰ ਰੱਬ ਦੀ ਲਾਨ੍ਹਤ ਹੈ ।

ਹਜ਼ਰਤ ਮਸੀਹ ਮੌਊਦ ਅਲੈਹਿਸੱਲਾਮ ਫ਼ਰਮਾਉਂਦੇ ਹਨ : ਆਕਾਸ਼ ਹੇਠਾਂ ਮੁਹਮੱਦੇ ਮੁਜਤਬਾ ਸਲਲੱਾਹੁ ਅਲੈਹਿ ਤੋਂ ਬਿਨਾਂ ਸਾਡਾ ਕੋਈ ਨਬੀਂ ਨਹੀਂ ਅਤੇ ਕੁਰਆਨ ਕਰੀਮ ਤੋਂ ਬਿਨਾ ਸਾਡੀ ਕੋਈ ਕਿਤਾਬ ਨਹੀਂ ਅਤੇ ਜਿਸ ਨੇ ਵੀ ਇਸ ਦੀ ਵਿਰੋਧਤਾ ਕੀਤੀ ਉਹ ਆਪਣੇ ਆਪ ਨੂੰ ਨਰਕ ਵੱਲ ਖਿਚੱਕੇ ਲੈ ਗਿਆ ।

ਹਜ਼ੂਰ ਅਨਵਰ ਨੇ ਫ਼ਰਮਾਇਆ : ਆਪ ਨੇ ਅਨੇਕਾਂ ਥਾਵਾਂ ਉਪੱਰ ਖੋਲ ਖੋਲਕੇ ਖ਼ਤਮੇ ਨਬੁਵੱਤ ਦੀ ਹਕੀਕਤ ਅਤੇ ਉਸ ਦੇ ਮੁਕਾਮ ਅਤੇ ਉਸ ਦੇ ਟਾਕਰੇ ਵਿੱਚ ਆਪਣੇ ਅਸਥਾਨ ਤੇ ਸਿਥਰਤਾ ਦਾ ਵਰਨਣ ਕੀਤਾ ਹੈ

ਜੁਮਏ ਦੇ ਖ਼ਤਬੇ ਦੇ ਅਖੀਰ ਵਿੱਚ ਹਜ਼ੂਰ ਅਨਵਰ ਨੇ ਫ਼ਰਮਾਇਆ : ਇਸੇ ਤਰ੍ਹਾਂ ਅਹਮਦੀਆਂ ਉਪੱਰ ਇਹ ਇਤਰਾਜ਼ ਕੀਤੇ ਜਾਂਦੇ ਹਨ ਕਿ ਇਹ ਕੌਮ ਦੀ ਸੇਵਾ ਨਹੀਂ ਕਰਦੇ ਇਹ ਕੌਮ ਦੇ ਵਫ਼ਾਦਾਰ ਨਹੀਂ ਹਨ । ਪਰ ਮੈਂ ਪੂਰੇ ਵਸੂਕ ਨਾਲ ਕਹਿ ਸਕਦਾ ਹਾਂ ਕਿ ਅੱਜ ਪਾਕਿਸਤਾਨ ਵਿੱਚ ਅਹਮਦੀ ਹੀ ਹਨ ਜੋ (حب الوطن من الایمان) ਹੁਬੱੁਲ ਵਤਨੇ ਮਿਨਲ ਇਮਾਨ ਉਪੱਰ ਯਕੀਨ ਰਖੱਦੇ ਹਨ ਅਤੇ ਇਸ ਉਪੱਰ ਅਮਲ ਕਰਦੇ ਹਨ ਆਪਣਾ ਤਨ ਮਨ ਧਨ ਕੁਰਬਾਨ ਕਰਨ ਵਾਲੇ ਹਨ ਅਤੇ ਕਰ ਰਹੇ ਹਨ । ਰਾਜਨੀਤਿਕ ਦੁਕਾਨਦਾਰੀ ਚਮਕਾਉਣ ਲਈ ਕੇਵਲ ਭਾਸ਼ਣ ਦੇਣ ਵਾਲੇ ਨਹੀਂ ਹਨ ਅਤੇ ਨ ਸਾਡਾ ਰਾਜਨੀਤੀ ਨਾਲ ਕੋਈ ਸੰਬੰਧ ਹੈ । ਅਸੀਂ ਧਰਮ ਖ਼ਾਤਰ ਜਾਨ ਦੇਣ ਵਾਲੇ ਤਾਂ ਹਨ ਪਰ ਧਰਮ ਦੇ ਨਾਂ'ਤੇ ਰਾਜਨੀਤੀ ਚਮਕਾਉਣ ਵਾਲੇ ਅਤੇ ਧਰਮ ਦੇ ਨਾਂ'ਤੇ ਰਕਤ ਵਹਾਉਣ ਵਾਲੇ ਨਹੀਂ ਹਨ । ਅਸੀਂ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਨੂੰ ਖ਼ਾਤਾਮਨੱਬੀਯੀਨ ਤਾਂ ਮੰਨ੍ਹਦੇ ਹਾਂ ਅਤੇ ਦਿਲ ਤੋਂ ਮੰਨਦੇ ਹਾਂ ਅਤੇ ਆਪ ਦੇ ਨਾਂ ਦੀ ਖ਼ਾਤਰ ਕੁਰਬਾਨੀ ਦਿੰਦੇ ਹਾਂ ਅਤੇ ਦੇਣ ਲਈ ਤਿਆਰ ਹਨ ਅਤੇ ਦੇ ਰਹੇ ਹਾਂ ਅਤੇ ਇੰਸ਼ਾਅਲੱਾਹ ਦਿੰਦੇ ਰਹਾਂਗੇ । ਪਾਕਿਸਤਾਨੀ ਅਹਮਦੀ ਦਾ ਕਰਤਵ ਹੈ ਕਿ ਇਹ ਦੁਆ ਕਰਦਾ ਰਹੇ ਕਿ ਰੱਬ ਇਸ ਦੇਸ਼ ਨੂੰ ਜਿਸ ਖ਼ਾਤਰ ਅਹਮਦੀਆਂ ਦੇ ਵੱਡੀਆਂ ਵੱਡੀਆਂ ਕੁਰਬਾਨੀਆਂ ਦਿੱਤੀਆਂ ਹਨ ਅਰੰਭ ਤੋਂ ਲੈਕੇ ਹੁਣ ਤੱਕ ਕੁਰਬਾਨੀਆਂ ਦੇ ਰਹੇ ਹਨ । ਇਸ ਨੂੰ ਰੱਬ ਹਮੇਸ਼ਾਂ ਸਲਾਮਤ ਰੱਖੇ ਅਤੇ ਜ਼ਾਲਮ ਤੇ ਜਾਬਰ ਲੀਡਰਾਂ ਅਤੇ ਫਿਰਕਾ ਪਰਸਤ ਮੌਲਵੀਆਂ ਤੋਂ ਇਸ ਨੂੰ ਬਚਾਏ ਅਤੇ ਦੁਨੀਆ ਦੇ ਅਜ਼ਾਦ ਤੇ ਵਕਾਰ ਵਾਲੇ ਦੇਸ਼ਾਂ ਵਿੱਚ ਪਾਕਿਸਤਾਨ ਦੀ ਗਿਣਤੀ ਵੀ ਹੋਣ ਲੱਗੇ ।

**Khulasa Khutba Jumma 13.10.2017**
Delivered By : Hadhrat Khalifatul Masih Vth (atba)
Summarized by : Majlis Ansarullah Bharat
Tarnslated by : Shamshad Ahmad Eden, from Punjabi Desk
From : Nazarat Nashr-o-Isha'at Qadian-143516, Distt. Gurdaspur, Punjab (INDIA)

Toll Free Shoba Noorul Islam-1800-3010-2131